**<u>ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ,ਐਸ.ਏ.ਐਸ.ਨਗਰ।</u>**

(ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ ,ਚੌਥੀ ਮੰਜਿਲ, ਈ ਬਲਾਕ,ਫੇਜ.-8)

**(ਸ.ਸੈਲ)**

ਸੇਵਾ ਵਿਖੇ,

ਜਿਲ੍ਹਾ ਸਿੱਖਿਆ ਅਫਸਰ(ਸੈਸਿ)
ਲੁਧਿਆਣਾ।
ਪ੍ਰਿੰਸੀਪਲ, ਸਸਸਸਸ ਸਾਹਨੇਵਾਲ
ਲੁਧਿਆਣਾ।

ਮੀਮੋ. ਨੰ: 20/213-12ਅ4/ਸ.ਸੈਲ(6)/74133
ਮਿਤੀ: ਐਸ.ਏ.ਐਸ. ਨਗਰ: 7/3/19

ਵਿਸ਼ਾ: **ਅਜਰਾਏ ਕੇਸ ਰਛਪਾਲ ਕੌਰ ਰਿਟਾ: ਡੀ.ਪੀ.ਈ,ਸਸਸਸ,ਸਾਹਨੇਵਾਲ (ਲੁਧਿਆਣਾ) ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਾਨਯੋਗ ਕੋਰਟ ਦੇ ਆਦੇਸ਼ਾਂ ਅਨੁਸਾਰ ਮਿਤੀ 12-3-19 ਤੱਕ ਕੇਸ ਤੇ ਰੂਲਾਂ/ਹਦਾਇਤਾਂ ਅਨੁਸਾਰ ਯੋਗ ਕਾਰਵਾਈ ਕਰਦੇ ਹੋਏ ਪਟੀਸ਼ਨਰ ਨੂੰ ਰਿਟਾਇਰਲ ਬੈਨੀਫਿਟ ਦੇਣ ਸਬੰਧੀ ਕਾਰਵਾਈ ਕਰਨ ਉਪਰੰਤ ਵਿਭਾਗ ਨੂੰ ਰਿਪੋਰਟ ਭੇਜੀ ਜਾਵੇ।

ਸਹਾਇਕ ਡਾਇਰੈਕਟਰ(ਸ.ਸੈਲ)

**ਦਫ.ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ ਨਗਰ।**

( ਸਪੈਸਲ ਸੈਲ)

ਸੁਨੀਲ ਕੁਮਾਰ ਅ: ਸ: ਪ: ਨੰ: 10/203-16ਅ3(1)/ਸਪੈ(1) / 73982

ਸਹਾਇਕ ਡਾਇਰੈਕਟਰ(ਸਪੈ.ਸੈਲ) ਮਿਤੀ : 7/3/19

ਵਿਸ਼ਾ:- ਪੜਤਾਲ ਰਿਪੋਰਟ ਮੁਕੰਮਲ ਕਰਕੇ ਭੇਜਣ ਸਬੰਧੀ-ਸ੍ਰੀਮਤੀ ਹਰਪ੍ਰੀਤ ਕੌਰ, ਪੰਜਾਬੀ ਮਿਸਟ੍ਰੈਸ, ਸ.ਹ.ਸ ਢੁੱਡੀਆਵਾਲਾ, ਜਿਲ੍ਹਾ ਕਪੂਰਥਲਾ।

ਮੈ ਆਪ ਜੀ ਦਾ ਇਸ ਦਫਤਰ ਦੇ ਪੱਤਰ ਨੰ: 10/203-16ਅ3(1)/ਸਪੈ(1) ਮਿਤੀ 29-12-17, 2-2-18, 27-7-18, ਅਤੇ 2-8-18 ਅਤੇ 14-2-19 ਵੱਲ ਦਿਵਾਉਣਾ ਚਾਹੁੰਦਾ ਹਾਂ।

2. ਇਸ ਕੇਸ ਵਿਚ ਸ੍ਰੀਮਤੀ ਹਰਪ੍ਰੀਤ ਕੌਰ, ਪੰਜਾਬੀ ਮਿਸਟ੍ਰੈਸ, ਸ.ਹ.ਸ ਢੁੱਡੀਆਵਾਲਾ, ਜਿਲ੍ਹਾ ਕਪੂਰਥਲਾ ਦੀ ਪੜਤਾਲ ਰਿਪੋਰਟ ਜੋ ਕਿ ਪ੍ਰਿੰਸੀਪਲ ਸ.ਸ.ਸ.ਸ(ਲ) ਕਪੂਰਥਲਾ ਪਾਸੋ ਕਰਵਾ ਕੇ ਅਧੂਰੀ ਹੀ ਭੇਜ ਦਿੱਤੀ ਗਈ ਹੈ। ਪੜਤਾਲ ਰਿਪੋਰਟ ਨਾਲ ਗਵਾਹਾਂ ਦੇ ਵੇਰਵੇ ਅਤੇ ਦਸਤਾਵੇਜ ਦੀ ਸੂਚੀ ਪ੍ਰਾਪਤ ਨਹੀ ਹੋਏ। ਜਿਸ ਕਾਰਨ ਕਰਮਚਾਰਨ ਦੀ ਗੈਰ ਹਾਜਰੀ ਦੇ ਕੇਸ ਦਾ ਨਿਪਟਾਰਾ ਨਹੀ ਕੀਤਾ ਜਾ ਸਕਿਆ।

3 ਮੈ ਆਪਦਾ ਧੰਨਵਾਦੀ ਹੋਵਾਂਗਾ ਆਪ ਹੁਣ ਬਿਨਾਂ ਕਿਸੇ ਦੇਰੀ ਤੋ ਪੜਤਾਲ ਰਿਪੋਰਟ ਸਮੇਤ ਗਵਾਹਾਂ ਦੇ ਵੇਰਵੇ ਅਤੇ ਦਸਤਾਵੇਜਾਂ ਦੀ ਸੂਚੀ 3 ਪੜ੍ਹਤਾਂ ਵਿਚ ਤੁਰੰਤ ਦਸਤੀ ਪੱਧਰ ਤੇ ਵਿਭਾਗ ਨੂੰ ਭੇਜੀ ਜਾਵੇ।

ਧੰਨਵਾਦ ਸਹਿਤ,

ਹਿੱਤ/

(ਸੁਨੀਲ ਕੁਮਾਰ)

ਸ੍ਰੀ ਬਿਕਰਮਜੀਤ ਸਿੰਘ,
ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਕਪੂਰਥਲਾ।

ਦਫ.ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ ਨਗਰ।

( ਸਪੈਸਲ ਸੈਲ)

ਸੇਵਾ ਵਿਖੇ,

ਸ੍ਰੀ ਪ੍ਰਦੀਪ ਕੁਮਾਰ ਸਰਮਾ, ਪੜਤਾਲਿਆ ਅਫਸਰ-ਕਮ-
ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮੋਗਾ।

ਮੀਮੋ ਨੰ:14/30-18 ਅ2(2)ਸਪੈ.ਸੈਲ(1) /73979
ਮਿਤੀ :7/3/19

ਵਿਸ਼ਾ ਪੜਤਾਲ ਰਿਪੋਰਟ-ਸ੍ਰੀਮਤੀ ਕਮਲਜੀਤ ਕੌਰ, ਪੰਜਾਬੀ ਮਿਸਟ੍ਰੈਸ, ਸ.ਮਿ.ਸ ਗਿੱਲ ਕੰਪ. ਸ.ਕੰ.ਸ.ਸ.ਸ ਬਾਘਾਪੁਰਾਣਾ, ਜਿਲ੍ਹਾ ਮੋਗਾ ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ:14/30-18 ਅ2(2)ਸਪੈ.ਸੈਲ(1), ਮਿਤੀ 04-02-19 ਦੇ ਹਵਾਲੇ ਵਿਚ।

ਹਵਾਲਾ ਅਧੀਨ ਪੱਤਰ ਰਾਹੀ ਵਿਸਾ ਅੰਕਿਤ ਸ ਸ੍ਰੀਮਤੀ ਕਮਲਜੀਤ ਕੌਰ, ਪੰਜਾਬੀ ਮਿਸਟ੍ਰੈਸ, ਸ.ਮਿ.ਸ ਗਿੱਲ ਕੰਪ. ਸ.ਕੰ.ਸ.ਸ.ਸ ਬਾਘਾਪੁਰਾਣਾ, ਜਿਲ੍ਹਾ ਮੋਗਾ ਨੂੰ ਵਿਭਾਗ ਵਲੋ ਜਾਰੀ ਦੋਸ ਸੂਚੀ ਦੀ ਪੜਤਾਲ ਵਿਚ ਪੜਤਾਲਿਆ ਅਫਸਰ ਨਿਯੁਕਤ ਕੀਤਾ ਗਿਆ ਸੀ। ਆਪ ਵਲੋ ਅਜੇ ਤੱਕ ਵਿਭਾਗ ਨੂੰ ਕਰਮਚਾਰਨ ਦੀ ਪੜਤਾਲ ਰਿਪੋਰਟ ਨਹੀ ਭੇਜੀ। ਜਿਸ ਕਾਰਨ ਕਰਮਚਾਰਨ ਦੀ ਗੈਰ ਹਾਜਰੀ ਦੇ ਕੇਸ ਦਾ ਨਿਪਟਾਰਾ ਨਹੀ ਕੀਤਾ ਜਾ ਸਕਿਆ।

ਹੁਣ ਬਿਨਾਂ ਕਿਸੇ ਦੇਰੀ ਤੋ ਪੜਤਾਲ ਰਿਪੋਰਟ 3 ਪੜ੍ਹਤਾਂ ਵਿਚ ਤੁਰੰਤ ਦਸਤੀ ਪੱਧਰ ਤੇ ਵਿਭਾਗ ਨੂੰ ਪੜਤਾਲ ਰਿਪੋਰਟ ਭੇਜੀ ਜਾਵੇ।

ਸਹਾਇਕ ਡਾਇਰੈਕਟਰ (ਸਪੈ.ਸੈਲ)

ਦਫ.ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ ਨਗਰ।
(ਸਪੈਸਲ ਸੈਲ)

ਸੇਵਾ ਵਿਖੇ,

ਸ੍ਰੀ ਪ੍ਰਦੀਪ ਕੁਮਾਰ ਸਰਮਾ, ਪੜਤਾਲਿਆ ਅਫਸਰ-ਕਮ-
ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮੋਗਾ।

ਮੀਮੋ ਨੰ: 6/75-18ਅ2(4)ਸਪੈ.(1) /73978
ਮਿਤੀ : 7/3/19

ਵਿਸ.ਾ ਪੜਤਾਲ ਰਿਪੋਰਟ-ਸ੍ਰੀਮਤੀ ਅਰਪਿੰਦਰ ਕੌਰ, ਪੰਜਾਬੀ ਮਿਸਟ੍ਰੈਸ, ਸ.ਸ.ਸ.ਸ ਬੱਘੀਪੁਰਾ, ਜਿਲ੍ਹਾ ਮੋਗਾ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ: 6/75-18ਅ2(4)ਸਪੈ.(1), ਮਿਤੀ 7-12-18, 29-1-19 ਅਤੇ 14-2-19 ਦੇ ਹਵਾਲੇ ਵਿਚ।

ਹਵਾਲਾ ਅਧੀਨ ਪੱਤਰ ਰਾਹੀ ਲਿਖਿਆ ਗਿਆ ਸੀ ਕਿ ਸ੍ਰੀਮਤੀ ਅਰਪਿੰਦਰ ਕੌਰ, ਪੰਜਾਬੀ ਮਿਸਟ੍ਰੈਸ, ਸ.ਸ.ਸ.ਸ ਬੱਘੀਪੁਰਾ, ਜਿਲ੍ਹਾ ਮੋਗਾ ਨੂੰ ਵਿਭਾਗ ਵਲੋ ਜਾਰੀ ਦੋਸ ਸੂਚੀ ਦੀ ਪੜਤਾਲ ਕਰਨ ਲਈ ਪੜਤਾਲਿਆ ਅਫਸਰ ਨਿਯੁਕਤ ਕੀਤਾ ਗਿਆ ਸੀ। ਆਪ ਵਲੋ ਅਜੇ ਤੱਕ ਵਿਭਾਗ ਨੂੰ ਕਰਮਚਾਰਨ ਦੀ ਪੜਤਾਲ ਰਿਪੋਰਟ ਨਹੀ ਭੇਜੀ। ਜਿਸ ਕਾਰਨ ਕਰਮਚਾਰਨ ਦੀ ਗੈਰ ਹਾਜਰੀ ਦੇ ਕੇਸ ਦਾ ਨਿਪਟਾਰਾ ਨਹੀ ਕੀਤਾ ਜਾ ਸਕਿਆ।

ਹੁਣ ਬਿਨਾਂ ਕਿਸੇ ਦੇਰੀ ਤੋ ਪੜਤਾਲ ਰਿਪੋਰਟ 3 ਪੜ੍ਹਤਾਂ ਵਿਚ ਤੁਰੰਤ ਦਸਤੀ ਪੱਧਰ ਤੇ ਵਿਭਾਗ ਨੂੰ ਪੜਤਾਲ ਰਿਪੋਰਟ ਭੇਜੀ ਜਾਵੇ।

ਸਹਾਇਕ ਡਾਇਰੈਕਟਰ(ਸਪੈ.ਸੈਲ)

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।
(ਕੰਪ.ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8 ਮੋਹਾਲੀ)
(ਸਪੈਸਲ ਸੈਲ)

ਹੁਕਮ ਨੰ: 15/12-01ਅ2(4)/ਸਪੈ.ਸੈ.(1)
ਮਿਤੀ 11-02-2019

ਇਸ ਦਫਤਰ ਦੇ ਹੁਕਮ ਨੰ: 15/12-01ਅ3(5), ਮਿਤੀ 8-11-2001 ਰਾਹੀ ਸ੍ਰੀਮਤੀ ਰਮਾ, ਹਿੰਦੀ ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ ਸੁਲਹਾਨੀ ਕੰਪ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀ ਬੁਗਰਾ ਲੀਅਨ ਸਿਫਟ ਸਰਕਾਰੀ ਮਿਡਲ ਸਕੂਲ ਸਰਫ ਅਲੀ ਸਾਹ ਐਟ ਖੰਨਾ, ਜਿਲ੍ਹਾ ਫਿਰੋਜਪੁਰ ਜੋ ਕਿ 11-06-2000 ਤੋਂ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਹੋਣ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ ਸੂਚੀ ਜਾਰੀ ਕੀਤੀ ਗਈ ਸੀ। ਕਰਮਚਾਰਨ ਵਿਰੁੱਧ ਲੱਗੇ ਦੋਸਾਂ ਦੀ ਪੜਤਾਲ ਕਰਨ ਲਈ ਵਿਭਾਗ ਦੇ ਪੱਤਰ ਨੰ: 15/12-01ਅ2(4), ਮਿਤੀ 26-6-2018 ਰਾਹੀ ਸ੍ਰੀ ਨੇਕ ਸਿੰਘ, ਜਿਲ੍ਹਾ ਸਿੱਖਿਆ ਅਫਸਰ (ਸ) ਫਿਰੋਜਪੁਰ ਨੂੰ ਪੜਤਾਲਿਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲਿਆ ਅਫਸਰ ਦੀ ਰਿਪੋਰਟ ਦੇ ਸਿੱਟੇ ਅਨੁਸਾਰ ਕਰਮਚਾਰਨ 12-12-1999 ਤੋ ਲਗਾਤਾਰ ਅਣਅਧਿਕਾਰਤ ਤੋਰ ਤੇ ਆਪਣੀ ਡਿਊਟੀ ਤੋ ਗੈਰ ਹਾਜਰ ਚਲੀ ਆ ਰਹੀ ਹੈ। ਇਹ ਕਰਮਚਾਰਨ ਵਿਦੇਸ ਵਿਚ ਰਹਿ ਰਹੀ ਹੈ। ਜਿਸ ਕਰਕੇ ਵਿਭਾਗੀ ਪੜਤਾਲ ਵਿਚ ਆਪਣਾ ਪੱਖ ਪੇਸ ਕਰਨ ਲਈ ਹਾਜਰ ਨਹੀ ਹੋਈ। ਪੜਤਾਲਿਆ ਅਫਸਰ ਵਲੋਂ ਇਸ ਕਰਮਚਾਰਨ ਦੀਆਂ ਸੇਵਾਵਾਂ ਡਿਸਮਿਸ ਕਰਨ ਦੀ ਸਿਫਾਰਸ ਕੀਤੀ ਹੈ।

2. ਕੁਦਰਤੀ ਨਿਆਂ ਦੇ ਸਨਮੁੱਖ ਕਰਮਚਾਰਨ ਨੂੰ ਪਬਲਿਕ ਨੋਟਿਸ ਮਿਤੀ 08-01-2019 ਰਾਹੀ ਸਪੋਕਸਮੈਨ ਅਖਬਾਰ ਵਿਚ ਪ੍ਰਕਾਸਿਤ ਕਰਦੇ ਹੋਏ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਵਿਖੇ ਆਪਣਾ ਪੱਖ ਪੇਸ ਕਰਨ ਦਾ ਮੌਕਾ ਦਿੱਤਾ ਗਿਆ ਪਰੰਤੂ ਕਰਮਚਾਰਨ ਵਲੋ ਨਿਰਧਾਰਤ ਸਮੇ ਦੇ ਅੰਦਰ -ਅੰਦਰ ਨਾ ਹੀ ਨਿਜੀ ਤੌਰ ਤੇ ਅਤੇ ਨਾ ਹੀ ਕੋਈ ਲਿਖਤੀ ਪ੍ਰਤੀ ਬੇਨਤੀ ਕੀਤੀ।

3. ਇਸ ਲਈ ਮੈ ਸੁਖਜੀਤ ਪਾਲ ਸਿੰਘ, ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ) ਪੰਜਾਬ, ਪੜਤਾਲ ਰਿਪੋਰਟ ਅਤੇ ਉਸ ਦੀ ਗੈਰ ਹਾਜਰੀ ਨਾਲ ਸਬੰਧਤ ਰਿਕਾਰਡ ਨੂੰ ਘੋਖਣ ਉਪਰੰਤ ਇਸ ਸਿਟੇ ਤੇ ਪੁਜਾ ਹਾਂ ਕਿ ਕਰਮਚਾਰਨ ਨੂੰ ਦੋਸ ਸੂਚੀ ਮਿਤੀ 11-06-2000 ਤੋ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਹੋਣ ਕਾਰਨ ਹੋਈ ਹੈ ਜਦ ਕਿ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਫਿਰੋਜਪੁਰ ਦੇ ਪੱਤਰ ਨੰ: ਅ-5/-4()2001/2085-86, ਮਿਤੀ 4-5-01 ਰਾਹੀ ਲਿਖਿਆ ਹੈ ਕਿ ਕਰਮਚਾਰਨ ਮਿਤੀ 12-12-99 ਤੋ 10-6-2000 ਤੱਕ ਬਿਨ੍ਹਾਂ ਤਨਖਾਹ ਛੁੱਟੀ ਸਕੂਲ ਮੁੱਖੀ ਦੇ ਪੱਤਰ ਨੰ: 233, ਮਿਤੀ 10-1-2000 ਰਾਹੀ ਨਾ ਮਨਜੂਰ ਕੀਤੀ ਗਈ ਹੈ। ਇਸ ਲਈ ਕਰਮਚਾਰਨ ਮਿਤੀ 12-12-1999 ਤੋ ਗੈਰ-ਹਾਜਰੀ ਚਲੀ ਆ ਰਹੀ ਹੈ। ਅਤੇ ਪੜਤਾਲਿਆ ਅਫਸਰ ਦੀ ਰਿਪੋਰਟ ਅਨੁਸਾਰ ਕਰਮਚਾਰਨ ਦੀ ਗੈਰ ਹਾਜਰੀ ਸਮਾਂ ਮਿਤੀ 12-12-1999 ਤੋ ਲਿਆ ਗਿਆ ਹੈ। ਕਰਮਚਾਰਨ ਦੀ 12-12-1999 ਤੋ ਹੁਣ ਤੱਕ ਆਪਣੀ ਡਿਊਟੀ ਤੋ (ਲਗਭਗ 19 ਸਾਲ 1 ਮਹੀਨਾ) ਜਾਣ-ਬੁਝ ਕੇ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚਲੀ ਆ ਰਹੀ ਹੈ। ਕਰਮਚਾਰਨ ਵਿਦੇਸ ਚਲੀ ਗਈ ਹੈ। ਕਰਮਚਾਰਨ ਦੀ ਨੌਕਰੀ ਕਰਨ ਵਿਚ ਦਿਲਚਸਪੀ ਨਹੀ ਹੈ। ਕਰਮਚਾਰਨ ਦੇ ਡਿਊਟੀ ਤੋ ਲਗਾਤਾਰ ਗੈਰ ਹਾਜਰ ਰਹਿਣ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਇਸ ਲਈ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ, 1970 ਦੀ ਧਾਰਾ 8 ਦੇ ਨਿਯਮ 5 (v ਤੋ ix) ਵਿਚ ਵਰਣਿਤ ਸਜਾ ਦੇਦੇ ਹੋਏ ਸ੍ਰੀਮਤੀ ਰਮਾ, ਹਿੰਦੀ ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ ਸੁਲਹਾਨੀ ਕੰਪ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀ ਬੁਗਰਾ ਲੀਅਨ ਸਿਫਟ ਸਰਕਾਰੀ ਮਿਡਲ ਸਕੂਲ ਸਰਫ ਅਲੀ ਸਾਹ ਐਟ ਖੰਨਾ, ਜਿਲ੍ਹਾ ਫਿਰੋਜਪੁਰ, ਨੂੰ ਤਤਕਾਲ ਸਮੇ ਤੋ ਡਿਸਮਿਸ ਕੀਤਾ ਜਾਂਦਾ ਹੈ।

ਸੁਖਜੀਤ ਪਾਲ ਸਿੰਘ, ਪੀ.ਸੀ.ਐਸ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ

ਪਿੱਠ ਅੰਕਣ ਨੰ: ਉਕਤ 14083-85 ਮਿਤੀ, ਐਸ.ਏ.ਐਸ ਨਗਰ: 7/3/19

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਫਿਰੋਜਪੁਰ।
2. ਹੈਡਮਾਸਟਰ ਸਰਕਾਰੀ ਹਾਈ ਸਕੂਲ, ਸਰਕਾਰੀ ਮਿਡਲ ਸਕੂਲ ਸੁਲਹਾਨੀ ਕੰਪ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀ ਬੁਗਰਾ ਲੀਅਨ ਸਿਫਟ ਸਰਕਾਰੀ ਮਿਡਲ ਸਕੂਲ ਸਰਫ ਅਲੀ ਸਾਹ ਐਟ ਖੰਨਾ, ਜਿਲ੍ਹਾ ਫਿਰੋਜਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਵਿਦੇਸੀ ਪਤੇ / ਪੱਕੇ ਪਤੇ ਤੇ ਸਰਵ ਕਰਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
3. ਰਜਿ. ਸ੍ਰੀਮਤੀ ਰਮਾ ਸਪੁੱਤਰੀ ਸ੍ਰੀ ਅਮਰਨਾਥ, ਮਕਾਨ ਨੰ: 54, ਪੁਰਾਣੀ ਖਲਾਸੀ ਲਾਇਨ, ਫਿਰੋਜਪੁਰ ਛਾਉਣੀ, ਜਿਲ੍ਹਾ ਫਿਰੋਜਪੁਰ।

ਸਹਾਇਕ ਡਾਇਰੈਕਟਰ (ਸਪੈ.ਸੈਲ)